11

# ਨਾਬਾਲ

## ਬਲਿਆਲ ਦਾ ਪੁੱਤਰ

(25:2-39)

ਬੁਰਿਆਈ ਵਿਚ ਐਨੀ ਸ਼ਕਤੀ ਹੈ ਕਿ ਇਸਦਾ ਚੰਗਾਈ ਨਾਲੋਂ ਬਹੁਤਾ ਪ੍ਰਭਾਵ ਹੈ ਅਤੇ ਇਹ ਛੇਤੀ ਫੈਲਦੀ ਹੈ। ਗੰਦਗੀ ਦੀ ਇਕ ਬੂੰਦ ਵੀ ਸ਼ੁੱਧ ਪਾਣੀ ਦੇ ਭਰੇ ਹੋਏ ਬਰਤਨ ਨੂੰ ਗੰਦਾ ਕਰ ਦਿੰਦੀ ਹੈ, ਪਰ ਸ਼ੁੱਧ ਪਾਣੀ ਦੀ ਇਕ ਬੂੰਦ ਉਸੇ ਤਰ੍ਹਾਂ ਗੰਦੇ ਪਾਣੀ ਦੇ ਭਰੇ ਬਰਤਨ ਨੂੰ ਸ਼ੁੱਧ ਨਹੀਂ ਬਣਾ ਸਕਦੀ। ਦੰਦ ਜਾਂ ਉਂਗਲੀ ਵਿਚ ਤੇਜ਼ ਦਰਦ ਪੂਰੇ ਜਿਸਮ ਲਈ ਅਸਹਿ ਹੋ ਜਾਂਦਾ ਹੈ ਜਦਕਿ, ਭਾਵੇਂ ਬਾਕੀ ਸਰੀਰ ਠੀਕ ਹੀ ਹੋਵੇ, ਪਰ ਜੇ ਸਾਡਾ ਸਰੀਰ ਦੁਖ ਰਿਹਾ ਹੋਵੇ, ਤਾਂ ਉਂਗਲੀ ਜਾਂ ਦੰਦ ਦੇ ਠੀਕ ਹੋਣ ਨਾਲ ਕੋਈ ਫ਼ਰਕ ਨਹੀਂ ਪਵੇਗਾ।

ਥੋੜ੍ਹੀ ਜਿਹੀ ਬੁਰਿਆਈ ਸ਼ਾਂਤੀ, ਏਕਤਾ ਅਤੇ ਖੁਸ਼ੀ ਨੂੰ ਨਸ਼ਟ ਕਰ ਸਕਦੀ ਹੈ। 25:2–39 ਵਿਚ ਨਬਾਲ ਨੇ ਇਸ ਨੂੰ ਵਿਖਾਇਆ ਹੈ। ਬਾਈਬਲ ਵਿਚ ਉਸ ਨੂੰ ''ਬਲਿਆਲ ਦਾ ਪੁੱਤਰ'' ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। ਉਸ ਲਈ ਇਹ ਸਿਰਲੇਖ ਮੂਲ ਰੂਪ ਵਿਚ ਇਹ ਸੁਝਾਅ ਦਿੰਦਾ ਹੈ ਕਿ ਉਹ ਬੇਕਾਰ ਅਤੇ ਸ਼ੈਤਾਨ ਦਾ ਸਾਥੀ ਸੀ।

ਨਾਬਾਲ ਬਹੁਤ ਅਮੀਰ ਸੀ, ਜਿਸ ਦਾ ਉਸਦੀਆਂ ਭੇਡਾਂ ਬੱਕਰੀਆਂ ਦੇ ਵੱਡੇ ਵੱਡੇ ਇੱਜੜਾਂ ਤੋਂ ਸਾਫ਼ ਪਤਾ ਲਗਦਾ ਹੈ (25:2)। ਫਿਰ ਵੀ ਉਸਦਾ ''ਵੱਡਾ'' ਹੋਣਾ ਅਜਿਹਾ ਸੀ, ਜਿਸ ਦਾ ਸੰਸਾਰਕ ਲੋਕ ਘਮੰਡ ਕਰ ਸਕਦੇ ਹਨ। ਉਹ ਕਾਲੇਬ ਦੇ ਵੰਸ਼ ਵਿੱਚੋਂ ਸੀ। ਇਸ ਦਾ ਅਨੁਵਾਦ ''ਲਾਲਚੀ ਸੁਭਾਅ ਵਾਲਾ'' ਹੋ ਸਕਦਾ ਹੈ ਅਤੇ ਉਸ ਦਾ ਸਬੰਧ ਯਹੋਸ਼ੂ ਦੇ ਯੁੱਗ ਦੇ ਉਸ ਖ਼ੁਦਾਪ੍ਰਸਤ ਰਹਿਨੁਮਾ ਨਾਲ ਜੋੜਨ ਦੀ ਲੋੜ ਨਹੀਂ ਹੈ।

ਭੇਡਾਂ ਦੀ ਉੱਨ ਕੁਤਰਨ ਦਾ ਸਮਾਂ ਆ ਚੁੱਕਾ ਸੀ। ਇਹ ਸਮਾਂ ਪਰਬ ਮਨਾਉਣ, ਆਨੰਦ ਕਰਨ ਅਤੇ ਵੱਡੀਆਂ ਵੱਡੀਆਂ ਦਾਅਵਤਾਂ ਦੇਣ ਦਾ ਹੁੰਦਾ ਹੈ (ਤੁਲਨਾ 2 ਸਮੂਏਲ 13:23, 24)। ''ਫ਼ਾਇਦਿਆਂ'' ਦਾ ਅੰਦਾਜ਼ਾ ਲਗਾ ਕੇ ਮਜ਼ਦੂਰਾਂ ਦੀ ਤਨਖਾਹ ਆਦਿ ਦਿੱਤੀ ਜਾਣੀ ਸੀ। ਕੰਜੂਸ ਨਾਬਾਲ ਨੂੰ ਆਨੰਦ ਅਤੇ ਦਾਅਵਤ ਦੇਣ ਵਿਚ ਕੋਈ ਦਿਲਚਸਪੀ ਨਹੀਂ ਸੀ। ਦਾਊਦ ਨੂੰ ਨਾਬਾਲ ਨੇ ਬਹੁਤ ਵੱਡੀ ਸੇਵਾ ਦਿੱਤੀ ਸੀ (25:14–16), ਪਰ ਨਾਬਾਲ ਦਾਊਦ ਵੱਲੋਂ ਦਿੱਤੀਆਂ ਗਈਆਂ ਸੇਵਾਵਾਂ ਬਦਲੇ ਕੁਝ ਦੇਣ ਤੋਂ ਕਤਰਾ ਰਿਹਾ ਸੀ। ਨਾਬਾਲ ਦੇ ਇਸੇ ਨੀਚ ਸੁਭਾਅ ਦੇ ਕਾਰਣ ਉਸ ਦੀ ਮੌਤ ਛੇਤੀ ਹੋ ਗਈ।

ਨਾਬਾਲ ਨੇ ਆਪਣੇ ਆਸ ਪਾਸ ਦੇ ਲੋਕਾਂ ਦੀ ਖੁਸ਼ੀ ਖੋਹ ਲਈ ਸੀ। ਖ਼ੁਦਾ ਦਾ ਖੌਫ਼ ਰੱਖਣ ਵਾਲੀ ਅਬੀਗੈਲ ਲੰਮੇ ਸਮੇਂ ਤਕ ਉਸ ਦਾ ਕ੍ਰੋਧ ਅਤੇ ਸਖ਼ਤ ਰਵੱਈਆ ਸਹਿੰਦੀ ਰਹੀ ਸੀ, ਜਿਸ ਕਾਰਣ ਉਸ ਦੇ ਮਨ ਵਿਚ ਉਸ ਲਈ ਆਦਰ ਅਤੇ ਪਿਆਰ ਖ਼ਤਮ ਹੋ ਗਿਆ (25:25)।

ਨਾਬਾਲ ਦੇ ਨੌਕਰ ਉਸ ਨੂੰ ਗਵਾਰ ਅਤੇ ਖ਼ੁਦਾ ਦੇ ਦੁਸ਼ਮਣ ਦੇ ਰੂਪ ਵਿਚ ਵੇਖਦੇ ਸਨ।

## ਨਾਬਾਲ ਦੀ ਖਿਜਾਈ

ਨਾਬਾਲ ਸੁਆਰਥੀ ਆਦਮੀ ਸੀ (25:11)। ਉਸ ਨੂੰ ਲਗਦਾ ਸੀ ਕਿ ਉਸ ਨੂੰ ਕਿਸੇ ਦੀ ਲੋੜ ਨਹੀਂ ਹੈ। ਉਹਦਾ ਮੰਨਣਾ ਸੀ ਕਿ ਉਹ ਨੂੰ ਕਿਸੇ ਆਦਮੀ ਨਾਲੋਂ ਐਥੋਂ ਤਕ ਕਿ ਸਰਬਸ਼ਕਤੀਮਾਨ ਪਰਮੇਸ਼ੁਰ ਨਾਲ ਵੀ ਮੇਲ ਦੀ ਲੋੜ ਨਹੀਂ ਸੀ (25:6, 10)। ਇਸੇ ਰਵੱਈਏ ਕਰਕੇ ਉਹ ਬੇਕਿਰਕ ਅਤੇ ਸਖ਼ਤ ਬਣ ਗਿਆ ਸੀ (25:3)। ਉਹ ਉਨ੍ਹਾਂ ਦੀ ਚੰਗੀ ਮਿਸਾਲ ਹੈ ਜਿਨ੍ਹਾਂ ਦੇ ਜੀਵਨ ਸੰਸਾਰ ਵਿਚ ਪਰਮੇਸ਼ੁਰ ਤੋਂ ਵਾਂਝੇ ਹਨ। ਆਪਣੀ ਆਕੜ ਕਰਕੇ ਨਾਬਾਲ ਜ਼ਿੱਦੀ ਸੀ ਅਤੇ ਉਨ੍ਹਾਂ ਲੋਕਾਂ ਤੇ ਜਿਹੜੇ ਉਹਦੀ ਮਦਦ ਲਈ ਸੁਝਅ ਦੇਣਾ ਚਾਹੁੰਦੇ ਸਨ, ਕ੍ਰੋਧਿਤ ਹੋਇਆ (25:17)। ਉਹ ਅਨਿਆਈ ਅਤੇ ਸੂਮ ਸੀ (25:21)। ਉਹ ਦੂਜਿਆਂ ਨੂੰ ਨੀਵਾਂ ਵਿਖਾਉਣ ਵਾਲਾ ਵੀ ਸੀ (25:10–12)। ਉਹ ਗੰਦੀ ਖੋਹਰੀ ਭਾਸ਼ਾ ਦੀ ਵਰਤੋਂ ਕਰਦਾ ਸੀ (25:14)। ਨਾਬਾਲ ਦੀ ਬੋਲ–ਚਾਲ ਚੰਗਾ ਨਹੀਂ ਸੀ। ਉਹ ਦੀ ਬਾਣੀ ਕਠੋਰ, ਸਖਤੀ ਨਾਲ ਭਰਪੂਰ ਅਤੇ ਖੋਹਰੀ ਸੀ। 25:14 ਵਿਚ ''ਝਿੜਕਿਆ'' ਸ਼ਬਦ ਦਾ ਮੂਲ ਅਰਥ ਹੈ ਕਿ ਨਾਬਾਲ ''ਉਨ੍ਹਾਂ ਦੇ ਉੱਪਰੋਂ ਸ਼ਿਕਾਰ ਹੋਣ ਯੋਗ ਪੰਛੀ ਵਾਂਗ ਉੱਡ ਗਿਆ।'' ਬੇਕਾਬੂ ਜੀਭ ਤੋਂ ਆਦਮੀ ਦੀ ਮੂਰਖਤਾ ਦਾ ਪਤਾ ਚੱਲ ਜਾਂਦਾ ਹੈ। ਨਾਬਾਲ ਦੀ ਮੂਰਖਤਾ ਦਾ ਪਤਾ ਚੱਲ ਜਾਂਦਾ ਹੈ (ਕਹਾਉਤਾਂ 10:14; 18:6, 7)। ਨਾਬਾਲ ਨੇ ਮੂਰਖਤਾ ਭਰੀ ਗੱਲ ਕਹਿ ਕੇ ਦਾਊਦ ਦੀ ਬੜੀ ਬੇਅਦਬੀ ਕੀਤੀ ਸੀ ਅਤੇ ਅਜਿਹਾ ਕਰਕੇ ਉਸ ਨੂੰ ਚੰਗਾ ਲੱਗਿਆ ਸੀ (25:10, 11)। ਨਾਬਾਲ ਨੇ ਵਰਤੇ ਸ਼ਬਦਾਂ ਦੇ ਅੰਜਾਮ ਵਿਚਾਰੇ ਬਗ਼ੈਰ ਹੀ ਬੋਲ ਦਿੱਤਾ ਸੀ।

ਨਾਬਾਲ ਨੇ ਬੁਰਿਆਈ ਕਰਨ ਵਿਚ ਦੂਜਿਆਂ ਨੂੰ ਪ੍ਰਭਾਵਿਤ ਕੀਤਾ। ਉਸ ਦੀ ਮੌਜੂਦਗੀ, ਸ਼ਬਦ, ਬੋਲਣ ਦੇ ਢੰਗ ਨੇ ਦਾਊਦ ਨੂੰ ਇਹ ਕਰਨ ਲਈ ਉਕਸਾਇਆ ਜਿਹੜਾ ਉਸਦੇ ਸੁਭਾਅ ਦੇ ਬਿਲਕੁਲ ਉਲਟ ਸੀ (25:13, 22)। ਦਾਊਦ ਆਮ ਤੌਰ ਤੇ ਕੁਝ ਕੰਮ ਕਰਨ ਤੋਂ ਪਹਿਲਾਂ ਖ਼ੁਦਾ ਤੋਂ ਸਲਾਹ ਲੈਂਦਾ ਸੀ ਪਰ ਇਸ ਵਾਰ ਨਾਬਾਲ ਨੇ ਉਸ ਨੂੰ ਐਨਾਂ ਚਿੜਾ ਦਿੱਤਾ ਕਿ ਦਾਊਦ ਆਪੇ ਤੋਂ ਬਾਹਰ ਹੋ ਗਿਆ। ਉਸ ਦੇ ਲਈ ਉਹ ਸਹੀ ਨਹੀਂ ਸੀ ਅਤੇ ਦਾਊਦ ਨੇ ਆਪਣੀ ਗਲਤੀ ਮੰਨੀ (25:32, 33)।

ਨਾਬਾਲ ਨਾਸ਼ੁਕਰਾ ਵੀ ਸੀ। ਉਹਨੇ ਦਾਊਦ ਵੱਲੋਂ ਉਸ ਲਈ ਕੀਤੇ ਗਏ ਕੰਮ ਨੂੰ ਮਾਨਤਾ ਨਹੀਂ ਦਿੱਤੀ ਸੀ (25:16, 21)। ਨਾਸ਼ੁਕਰਗੁਜ਼ਾਰੀ ਦੀ ਇਹ ਭਾਵਨਾ ਸ਼ੈਤਾਨ ਦੀ ਸੰਤਾਨ ਦੇ ਸੁਭਾਅ ਨੂੰ ਹੀ ਵਿਖਾਉਂਦੀ ਹੈ!

ਨਾਬਾਲ ਸ਼ਰਾਬੀ ਸੀ। ਉਸ ਨੇ ਐਨੀ ਪੀ ਲਈ ਸੀ ਕਿ ਉਹ ਨੂੰ ਹੋਸ਼ ਨਹੀਂ ਰਹੀ ਸੀ। ਉਹ ਨੇ ਰੰਗਰਲੀਆਂ ਵਿਚ ਆਨੰਦ ਮਨਾਇਆ ਅਤੇ ਆਪਣੀਆਂ ਇੱਛਾਵਾਂ ਅੱਗੇ ਝੁਕ ਗਿਆ। ਅਜਿਹਾ ਗੁਣ ਪੂਰੀ ਬਾਈਬਲ ਵਿਚ ਉਨ੍ਹਾਂ ਲੋਕਾਂ ਵਿਚ ਪਾਇਆ ਜਾਂਦਾ ਹੈ, ਜਿਹੜੇ ਸ਼ੈਤਾਨ ਦੇ ਪਿੱਛੇ ਚੱਲਦੇ ਹਨ (ਕਹਾਉਤਾਂ 31:4–6; 20:1; ਆਦਿ)।

## ਨਾਬਾਲ ਦੀ ਵਾਢੀ

ਸ਼ੈਤਾਨੀ ਕੰਮਾਂ ਵਿਚ ਜ਼ਿੰਦਗੀ ਕੱਟਣ ਵਾਲਾ ਘਿਣਾਉਣੇ ਨਤੀਜਿਆਂ ਦੀ ਹੀ ਵਾਢੀ ਕਰਦਾ ਹੈ। ਉਹਦੇ ਦੁਸ਼ਟਤਾ ਭਰੇ ਮਾਰਗਾਂ ਵਿਚ ਪਰਤੱਖ ਨਤੀਜਿਆਂ ਦੇ ਰੂਪ ਵਿਚ ਨਾਬਾਲ ਦੇ ਜੀਵਨ

ਵਿਚ ਤਿੰਨ ਭਿਅੰਕਰ ਨਤੀਜੇ ਸਾਮਹਣੇ ਆਏ।

ਨਾਬਾਲ ਦੀ ਕੋਈ ਇੱਜ਼ਤ ਨਹੀਂ ਕਰਦਾ ਸੀ। ਉਹਦੇ ਕੋਲ ਜਾਇਦਾਦ ਸੀ, ਅਤੇ ਅਜਿਹੇ ਪ੍ਰਭਾਵ ਅਤੇ ਪੈਸੇ ਵਾਲੇ ਬੰਦੇ ਦੀ ਇੱਜ਼ਤ ਹੋਣੀ ਚਾਹੀਦੀ ਸੀ, ਪਰ ਉਸ ਦੀ ਕੋਈ ਇੱਜ਼ਤ ਨਹੀਂ ਕਰਦਾ ਸੀ। ਇਕ ਜਵਾਨ ਨੂੰ ਤਾਂ ਨਾਬਾਲ ਦੇ ਕਾਮਿਆਂ ਤੇ ਸ਼ਰਮ ਆਈ ਸੀ (25:17)। ਇਸ ਸੇਵਕ ਦੇ ਆਖ਼ਰੀ ਸ਼ਬਦਾਂ ਨਾਲ ਸੇਵਕਾਂ ਦੇ ਮਨ ਵਿਚ ਨਾਬਾਲ ਦਾ ਆਦਰ ਨਾ ਹੋਣ ਦੀ ਗੱਲ ਪਤਾ ਲਗਦੀ ਹੈ।

ਉਨ੍ਹਾਂ ਦੀ ਨਜ਼ਰ ਵਿਚ ਉਹ ''ਬਲਿਆਲ ਦਾ ਪੁੱਤਰ'' ਕਰਕੇ ਮਸ਼ਹੂਰ ਸੀ (ਤੁਲਨਾਂ 2 ਕੁਰਿੰਥੀਆਂ 6:15)। ਖ਼ੁਦਾ ਦਾ ਖ਼ੌਫ਼ ਰੱਖਣ ਵਾਲੀ ਅਬੀਗੈਲ ਦੇ ਮਨ ਵਿਚ ਆਪਣੇ ਪਤੀ ਲਈ ਕੋਈ ਆਦਰ ਨਹੀਂ ਸੀ (25:25)। ਉਸਦਾ ਵਿਚਾਰ ਤਾਂ ਸੇਵਕਾਂ ਨਾਲੋਂ ਵੀ ਘਟੀਆ ਸੀ। ਅਜਿਹਾ ਪ੍ਰਭਾਵ ਖ਼ੁਦਾ ਵੱਲੋਂ ਆਪਣੇ ਮੰਨਣ ਵਾਲਿਆਂ ਨੂੰ ਦਿੱਤੇ ਗਏ ਹੁਕਮਾਂ ਦੇ ਉਲਟ ਸੀ (ਮੱਤੀ 5:16; 1 ਪਤਰਸ 2:11, 12)।

ਨਾਬਾਲ ਇਤਿਹਾਸ ਵਿਚ ''ਵੱਡਾ ਮੂਰਖ'' ਦੇ ਰੂਪ ਵਿਚ ਆਪਣੀ ਜਗ੍ਹਾ ਬਣਾ ਲੈਂਦਾ ਹੈ, ਉਸਦਾ ਜੀਵਨ ਉਸ ਦੇ ਨਾਮ ਦੇ ਮੁਤਾਬਕ ਸੀ (25:25), ਕਿਉਂਕਿ ਮੂਰਖਤਾ ਉਸ ਦੇ ਕੰਮਾਂ ਦੇ ਨਾਲ–ਨਾਲ ਸੀ। ਉਹ ਮੂਰਖ, ਦੁਸ਼ਟ ਅਤੇ ਖ਼ੁਦਾ ਦਾ ਖ਼ੌਫ਼ ਨਾ ਰੱਖਣ ਵਾਲਾ ਆਦਮੀ ਸੀ। ਉਹ ਬਿਸ਼ਪ ਆਫ਼ ਵਰਦੂ ਵਾਂਗ ਮੂਰਖ ਸੀ ਜਿਸ ਨੇ ਫਰਾਂਸ ਦੇ ਬਾਦਸ਼ਾਹ ਲੁਈਸ ਨੌਂਵੇ ਨੂੰ ਇਕ ਲੋਹੇ ਦਾ ਪਿੰਜਰਾ ਬਣਾਉਣ ਦਾ ਸੁਝਅ ਦਿੱਤਾ ਜਿਸ ਅੰਦਰ ਕੈਦੀਆਂ ਨੂੰ ਬੰਦ ਕੀਤਾ ਜਾ ਸਕੇ। ਇਹ ਪਿੰਜਰਾ ਇੰਜ ਬਣਾਇਆ ਗਿਆ ਸੀ ਜਿਸ ਅੰਦਰ ਆਦਮੀ ਨਾ ਸਿੱਧਾ ਖੜਾ ਹੋ ਸਕੇ ਅਤੇ ਨਾ ਲੇਟ ਸਕੇ, ਸਗੋਂ ਝੁਕ ਕੇ ਹੀ ਰਹੇ। ਬਾਅਦ ਵਿਚ ਇਕ ਸਮਾਂ ਆਇਆ ਜਦ ਬਿਸ਼ਪ ਨੇ ਬਾਦਸ਼ਾਹ ਨੂੰ ਨਰਾਜ਼ ਕਰ ਦਿੱਤਾ ਅਤੇ ਉਸ ਪਿੰਜਰੇ ਵਿਚ ਬੰਦ ਹੋਣ ਵਾਲਾ ਪਹਿਲਾ ਆਦਮੀ ਉਹੀ ਬਣਿਆ। ਉਹ ਉੱਥੇ ਚੌਦਾਂ ਸਾਲ ਰਿਹਾ।

ਨਾਬਾਲ ਦਾ ਅੰਤ ਬੜਾ ਮਾੜਾ ਹੋਇਆ (25:37–39)। ਨਾਬਾਲ ਦੀ ਮੌਤ ਬਾਰੇ ਵੱਖ ਵੱਖ ਦੋ ਵਿਚਾਰ ਪਾਏ ਜਾਂਦੇ ਹਨ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਉੱਥੇ ਹੋਣ ਵਾਲੀਆਂ ਗੱਲਾਂ ਤੋਂ ਐਨਾ ਡਰ ਗਿਆ ਸੀ ਕਿ ਉਹ ਨੂੰ ਦਿਲ ਦਾ ਦੌਰਾ ਪਿਆ ਅਤੇ ਦਸਾਂ ਦਿਨਾਂ ਅੰਦਰ ਉਹ ਦੀ ਮੌਤ ਹੋ ਗਈ। ਹੋਰਨਾਂ ਦਾ ਕਹਿਣਾ ਹੈ ਕਿ ਦਾਊਦ ਦੇ ਗੁੱਸੇ ਨੂੰ ਭੜਕਾਉਣਾ ਅਤੇ ਜੋ ਕੁਝ ਅਬੀਗੈਲ ਨੇ ਬਾਅਦ ਵਿਚ ਕੀਤਾ ਉਸ ਨਾਲ ਉਹਦੇ ਗੁੱਸੇ ਨਾਲ ਉਹਨੂੰ ਦੌਰਾ ਪਿਆ ਅਤੇ ਉਹ ਦਸਾਂ ਦਿਨਾਂ ਅੰਦਰ ਮਰ ਗਿਆ।

ਬੇਆਸ ਮੌਤ ''ਸ਼ੈਤਾਨ ਦੇ ਪੁੱਤਰ'' ਰਾਹ ਤੱਕਦੀ ਹੈ। ਨਿਸਚੇ ਹੀ ਖ਼ੁਦਾ ਦੇ ਪਿੱਛੇ ਚੱਲਣਾ ਅਤੇ ਉਹਦੇ ਹੁਕਮਾਂ ਨੂੰ ਮੰਨਣ ਦਾ ਇਹੀ ਉਦੇਸ਼ ਹੈ (ਕਹਾਉਤਾਂ 5:22; 11:7; 14:32; ਜ਼ਬੂਰ 116:15; ਉਪਦੇਸ਼ਕ ਦੀ ਪੋਥੀ 7:1)। ਜਨਾਜ਼ੇ ਵੇਲੇ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ''ਜਿਵੇਂ ਉਹ ਜੀਵਿਆ, ਉਵੇਂ ਹੀ ਮਰਿਆ।'' ਨਾਬਾਲ ਲਈ ਇਹ ਕਿੰਨਾ ਦਰੁਸਤ ਸੀ! ਅੱਜ ਦੇ ਲੋਕਾਂ ਲਈ ਵੀ ਇਹ ਸੱਚ ਹੈ। ਜੇ ਅਸੀਂ ਆਪਣੇ ਜੀਵਨਾਂ ਦਾ ਅੰਤ ਬੁਰੀ ਤਰ੍ਹਾਂ ਨਹੀਂ ਕਰਨਾ ਚਾਹੁੰਦੇ ਤਾਂ ਸਾਡਾ ਜੀਵਨ ਖ਼ੁਦਾ ਦੀ ਹਦਾਇਤ ਮੁਤਾਬਕ ਹੀ ਹੋਣਾ ਚਾਹੀਦਾ ਹੈ।

## ਅੱਜ ਲਈ ਨਾਬਾਲ ਦੇ ਸਬਕ

ਕਿਸੇ ''ਨਾਬਾਲ'' ਦੇ ਨਾਲ ਵਿਆਹ ਹੋਣ ਦੇ ਬਾਵਜੂਦ ਖ਼ੁਦਾ ਦੇ ਵਫ਼ਾਦਾਰ ਰਹਿਣਾ

ਸੰਭਵ ਹੈ। ਨਾਬਾਲ ਦੇ ਘਰ ਦਾ ਮਾਹੌਲ ਸੁਖਦ ਨਹੀਂ ਹੋਵੇਗਾ। ਅਬੀਗੈਲ ਦੇ ਭਗਤੀ ਭਰੇ ਕੰਮਾਂ ਅਤੇ ਨਾਬਾਲ ਦੇ ਸ਼ੈਤਾਨੀ ਕੰਮਾਂ ਵਿਚ ਟਕਰਾਅ ਹੋ ਕੇ ਉਨ੍ਹਾਂ ਦਾ ਵਿਆਹ ਟੁੱਟ ਸਕਦਾ ਸੀ। ਉਹ ਸੁਆਦ ਰਹਿਤ, ਭੌਤਿਕ ਲਾਭ ਨੂੰ ਸਮਰਪਿਤ, ਖ਼ੁਦਾ ਦਾ ਮਜ਼ਾਕ ਉਡਾਉਣ ਵਾਲਾ ਅਤੇ ਥਕਾਉਣ ਵਾਲੀਆਂ ਆਦਤਾਂ ਵਾਲਾ ਆਦਮੀ ਸੀ। ਉਸ ਦੀ ਜੀਭ ਦੁਸ਼ਟ ਅਤੇ ਪ੍ਰਭਾਵ ਖ਼ਤਰਨਾਕ ਸੀ। ਅਬੀਗੈਲ ਨੂੰ ਤੰਗ ਕਰਨ ਵਾਲੀਆਂ ਸਭ ਗੱਲਾਂ ਸਨ! ਪਰ ਅਬੀਗੈਲ ਨੇ ਉਸ ਨੂੰ ਨਹੀਂ ਛੱਡਿਆ। ਤੁਹਾਨੂੰ ਆਪਣੀਆਂ ''ਅਬੀਗੈਲਾਂ'' ਨੂੰ ਸਲਾਹੁਣਾ ਪਵੇਗਾ ਜਿਹੜੀਆਂ ਆਧੁਨਿਕ ''ਨਾਬਾਲ'' ਨਾਲ ਜੀਵਨ ਜ਼ਿੰਦਗੀ ਗੁਜ਼ਾਰਦੀਆਂ ਹਨ।

ਬਦਲਾ ਲੈਣਾ ਕਦੇ ਸਹੀ ਨਹੀਂ ਹੁੰਦਾ। ਕਿਸੇ ਨੇ ਠੀਕ ਹੀ ਕਿਹਾ ਹੈ, ''ਬਦਲਾ ਲੈਣਾ ਕਿਸੇ ਪਾਪੀ ਦੇ ਮੂੰਹ ਵਿਚ ਸ਼ੈਤਾਨ ਵੱਲੋਂ ਪਾਈ ਜਾਣ ਵਾਲੀ ਸਭ ਤੋਂ ਅੱਯਾਸ਼ੀ ਭਰੀ ਗਰਾਹੀ ਹੈ।'' ਅਸੀਂ ਆਪਣੇ ਵਿਰੁੱਧ ਕੀਤੀਆਂ ਗਈਆਂ ਗੱਲਾਂ ਲਈ ਆਪਣੇ ਆਪ ਤੋਂ ਬਦਲਾ ਨਹੀਂ ਲੈ ਸਕਦੇ (25:38, 39; ਰੋਮੀਆਂ 12:19)।

ਸਾਡੇ ਵਿੱਚੋਂ ਹਰ ਕਿਸੇ ਦਾ ਜੀਵਨ ਆਉਣ ਵਾਲੇ ਲੋਕਾਂ ਲਈ ਪੜ੍ਹਨ ਲਈ ਇਕ ਇਤਿਹਾਸ ਬਣ ਜਾਂਦਾ ਹੈ। ਖ਼ਬਰਦਾਰ, ਇਤਿਹਾਸ ਵਿਚ ਤੁਹਾਨੂੰ ''ਨਾਬਾਲ'' ਵਾਂਗ ਯਾਦ ਨਾ ਕੀਤਾ ਜਾਵੇ।

ਖੁਦਗਰਜ਼ ਜ਼ਿੰਦਗੀ ਦੀ ਉਡੀਕ ਕਰਨ ਵਾਲੇ ਦੁਖਦ ਅੰਤ ਵੀ ਯਾਦ ਰੱਖਣੇ! ਉਸ ਦਾ ਅੰਤ ਬਰਬਾਦੀ ਹੈ (ਲੂਕਾ 12:20, 21; ਯਾਕੂਬ 4:13–16)।

## ਸਾਰ

ਅਸੀਂ ਕਿੰਨੇ ਬੁਰੇ ਅਧਿਆਇ ਦਾ ਅਧਿਐਨ ਕੀਤਾ ਹੈ! ਇਕ ਦੁਸ਼ਟ ਆਦਮੀ ਦਾ ਪ੍ਰਭਾਵ ਪੂਰੇ ਵੇਰਵੇ ਤੇ ਛਾ ਕੇ ''ਖ਼ੁਦਾ ਦੇ ਮਨ ਦੇ ਅਨੁਸਾਰ ਇਕ ਪੁਰਖ'' ਨੂੰ ਬਦਲਾ ਲੈਣ ਲਈ ਉਕਸਾ ਸਕਦਾ ਹੈ, ਜੋ ਕਿ ਖ਼ੁਦਾ ਦੇ ਸੁਭਾਅ ਦੇ ਉਲਟ ਭਾਵਨਾ ਹੈ। ਬੁਰਿਆਈ ਦੀ ਇਕ ਬੂੰਦ ਨਾਲ ਬਹੁਤ ਸਾਰੀਆਂ ਭਲਿਆਈਆਂ ਦਾ ਨਾਸ ਹੋ ਜਾਂਦਾ ਹੈ।

ਖ਼ੁਦਾ ਕਰੇ ਕਿ ਇਸ ਪਾਠ ਵਿਚ ''ਮੂਰਖ'' ਵਾਂਗ ਜ਼ਿੰਦਗੀ ਕੱਟਣ ਦੀ ਤ੍ਰਾਸਦੀ ਦੇ ਸਬਕ ਨੂੰ ਧਿਆਨ ਵਿਚ ਰੱਖ ਕੇ ਅਸੀਂ ਅਜਿਹੀ ਜ਼ਿੰਦਗੀ ਕੱਟਣ ਤੋਂ ਦੂਰ ਰਹੀਏ। ਸ਼ੈਤਾਨ ਦੇ ਪੁੱਤਰ ਨਾਬਾਲ ਨੂੰ ਯਾਦ ਰੱਖੋ। ਉਸ ਦੀ ਮੂਰਖਤਾ ਦੀ ਬਰਾਬਰੀ ਨਾ ਕਰੋ!